ਨਵਾਂ ਜ਼ਮਾਨਾ, ਜਲੰਧਰ

ਸੋਮਵਾਰ, 24 ਜੁਲਾਈ 2017

# ਹੁਨਰ ਵਿਕਾਸ ਪ੍ਰੋਗਰਾਮ ਤਹਿਤ ਸਰਟੀਫ਼ਿਕੇਟ ਵੰਡੇ

▶ ਸੌ ਵਿਦਿਆਰਥੀ ਨੂੰ ਵੱਖ-ਵੱਖ ਕਿੱਤਿਆਂ ਲਈ ਮਾਨਤਾ ਦਿੱਤੀ

ਨਿੱਜੀ ਪੱਤਰ ਪ੍ਰੇਰਕ

ਚਮਕੌਰ ਸਾਹਿਬ, 22 ਜੁਲਾਈ

ਇੱਥੇ ਬੇਲਾ ਵਿਖੇ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਵਿੱਚ ਨੈਸ਼ਨਲ ਸਕਿੱਲ ਡਿਵੈਲਪਮੈਂਟ ਕੌਂਸਲ ਵੱਲੋਂ ਬੀ.ਵਾਕ ਫੂਡ ਪ੍ਰੋਸੈਸਿੰਗ ਤੇ ਬੀ.ਵਾਕ ਰਿਟੇਲ ਮੈਨੇਜਮੈਂਟ ਤੇ ਆਈ.ਟੀ., ਇਕਊਪਮੈਂਟ ਅਪਰੇਟਰ ਤੇ ਸੇਲਜ਼ ਐਸੋਸੀਏਟਸ ਲੈਵਲ-4 ਦੇ ਸਰਟੀਫ਼ਿਕੇਟ ਵੰਡੇ ਗਏ। ਇਸੇ ਤਰ੍ਹਾਂ ਲੈਵਲ-5 ਦੇ ਫੂਡ ਪ੍ਰੋਡਕਟ ਪੈਕੇਜਿੰਗ ਟੈਕਨੀਸ਼ੀਅਨ ਦੇ ਫੂਡ ਪ੍ਰੋਸੈਸਿੰਗ ਸਕਿੱਲ ਕੌਂਸਲ ਵੱਲੋਂ ਮਨਜ਼ੂਰਸ਼ੁਦਾ ਸਰਟੀਫ਼ਿਕੇਟ ਵੀ ਦਿੱਤੇ ਗਏ। ਇਸ ਕਾਲਜ ਵਿੱਚ ਯੂਜੀਸੀ ਦੀ ਵਿਦਿਅਕ ਸਕੀਮ ਤਹਿਤ ਬੀ.ਵਾਕ ਦੀ ਡਿਪਲੋਮਾ ਤੇ ਡਿਗਰੀ ਦੇ ਕੋਰਸ ਚੱਲ ਰਹੇ ਹਨ। ਪ੍ਰਿੰਸੀਪਲ ਪ੍ਰੋ. ਸੁਰਮੁੱਖ ਸਿੰਘ, ਕਾਲਜ ਕਮੇਟੀ ਦੇ ਸਕੱਤਰ ਦਵਿੰਦਰ ਸਿੰਘ ਜਟਾਣਾ, ਮੈਨੇਜਰ ਸੁਖਵਿੰਦਰ ਸਿੰਘ ਵਿਸਕੀ ਨੇ ਦੱਸਿਆ ਕਿ 100 ਦੇ ਕਰੀਬ ਬੀ.ਵਾਕ ਵਿਦਿਆਰਥੀ ਨੈਸ਼ਨਲ ਸਕਿੱਲ ਡਿਵੈਲਪਮੈਂਟ ਕੌਂਸਲ ਦੇ ਪ੍ਰੋਗਰਾਮ ਤਹਿਤ ਬਾਜ਼ਾਰ ਵਿੱਚ ਕੰਮ ਕਰਨ ਯੋਗ ਐਲਾਨੇ ਗਏ ਹਨ। ਇਸ ਮੌਕੇ ਪ੍ਰੋ. ਮਮਤਾ ਅਰੋੜਾ, ਡਾ. ਬਲਜੀਤ ਸਿੰਘ, ਪ੍ਰੋ. ਸਤਵੰਤ ਕੌਰ ਸ਼ਾਹੀ, ਪ੍ਰੋ. ਸੁਨੀਤਾ ਰਾਣੀ, ਪ੍ਰੋ. ਗੁਰਲਾਲ ਸਿੰਘ, ਪ੍ਰੋ. ਬਲਪ੍ਰੀਤ ਕੌਰ, ਪ੍ਰੋ. ਮਨਪ੍ਰੀਤ ਕੌਰ, ਪ੍ਰੋ. ਚਾਰੂਮਿੱਤਰਾ ਅਤੇ ਪ੍ਰੋ. ਪ੍ਰਭਜੀਤ ਕੌਰ ਹਾਜ਼ਰ ਸਨ।



ਸਰਟੀਫ਼ਿਕੇਟ ਹਾਸਲ ਕਰਨ ਵਾਲੇ ਵਿਦਿਆਰਥੀ ਕਾਲਜ ਸਟਾਫ਼ ਤੇ ਪ੍ਰਬੰਧਕਾਂ ਨਾਲ। -ਫੋਟੋ: ਬੱਬੀ